# ਆਪਣੇ ਅਧਿਕਾਰਾਂ ਨੂੰ ਜਾਣੋ

## ਦੁਰਵਿਵਹਾਰ ਜਾਂ ਅਪਰਾਧ ਦੇ ਕਾਰਨ ਆਪਣੀ ਲੀਜ਼ ਨੂੰ ਜਲਦੀ ਖਤਮ ਕਰਨਾ

### ਆਪਣੀ ਲੀਜ਼ ਨੂੰ ਜਲਦੀ ਖਤਮ ਕਰਨ ਦਾ ਕੀ ਕਾਰਨ ਹੈ, ਦੁਰਵਿਵਹਾਰ ਜਾਂ ਅਪਰਾਧ ?

ਇਹ ਉਦੋਂ ਹੁੰਦਾ ਹੈ ਜਦੋਂ ਕਿਸੇ ਕਿਸਮ ਦੇ ਦੁਰਵਿਵਹਾਰ ਜਾਂ ਅਪਰਾਧ ਤੋਂ ਬਚਿਆ ਹੋਇਆ ਵਿਅਕਤੀ (ਸਰਵਾਈਵਰ), ਜਾਂ ਉਹਨਾਂ ਦੇ ਪਰਿਵਾਰਕ ਮੈਂਬਰ, ਜਾਂ ਉਹਨਾਂ ਦੇ ਨਜ਼ਦੀਕੀ ਪਰਿਵਾਰਕ ਮੈਂਬਰ ਆਪਣੀ ਲੀਜ਼ ਖਤਮ ਹੋਣ ਤੋਂ ਪਹਿਲਾਂ ਆਪਣਾਂ ਕਿਰਾਏ ਦਾ ਘਰ ਛੱਡ ਜਾਂਦੇ ਹਨ, ਬਿਨਾਂ ਜਲਦੀ ਲੀਜ਼ ਸਮਾਪਤੀ ਫੀਸਾਂ ਦਾ ਭੁਗਤਾਨ ਕੀਤੇ ਜਾਂ ਉਹ ਲੀਜ਼ ਦੀ ਮਿਆਦ ਲਈ ਕਿਰਾਏ ਦਾ ਭੁਗਤਾਨ ਕਰਨਾ ਜਾਰੀ ਨਹੀਂ ਰੱਖਦੇ

### ਕੌਣ ਆਪਣੀ ਲੀਜ਼ ਨੂੰ ਜਲਦੀ ਖਤਮ ਕਰ ਸਕਦਾ ਹੈ?

ਪਿਛਲੇ 180 ਦਿਨਾਂ ਦੇ ਦੌਰਾਨ, ਹੇਠਾਂ ਸੂਚੀਬੱਧ ਦੁਰਵਿਵਹਾਰ ਜਾਂ ਅਪਰਾਧ ਦਾ ਅਨੁਭਵ ਕਰਨ ਵਾਲੇ ਵਿਅਕਤੀ (ਸਰਵਾਈਵਰ), ਆਪਣੀ ਲੀਜ਼ ਨੂੰ ਜਲਦੀ ਖਤਮ ਕਰ ਸਕਦੇ ਹਨ

- ਘਰੇਲੂ ਹਿੰਸਾ ਤੋਂ ਬਚਣ ਵਾਲੇ (ਸਰਵਾਈਵਰਸ)
- ਜਿਨਸੀ ਹਮਲੇ (ਸੈਕਸ਼ੂਅਲ ਅਸੌਲਟ) ਦੇ ਬਚੇ ਹੋਏ
- ਸਟਾਕਿੰਗ ਸਰਵਾਈਵਰਸ (ਪਿੱਛਾ ਕਰਨ ਵਾਲੈ ਤੌਂ ਬਚੇ)
- ਮਨੁੱਖੀ ਤਸਕਰੀ (ੂਮਓਨ ਠਰਓਡਡਚਿਕਨਿਗ) ਤੋਂ ਬਚੇ ਹੋਏ
- ਬਜ਼ੁਰਗ ਜਾਂ ਨਿਰਭਰ ਬਾਲਗ ਦੁਰਵਿਵਹਾਰ ਬਚੇ ਹੋਏ
- ਜ਼ੁਰਮ ਦੀ ਸੱਟ ਤੋਂ ਬਚੇ ਹੋਏ ਲੋਕ
- ਜੁਰਮਾਂ ਤੋਂ ਬਚੇ ਹੋਏ ਲੋਕ ਜਿਹਨਾਂ ਵਿੱਚ ਬੰਦੂਕ ਜਾਂ ਹੋਰ ਮਾਰੂ ਹਥਿਆਰ ਸ਼ਾਮਲ ਸਨ
- ਜੁਰਮਾਂ ਤੋਂ ਬਚੇ ਹੋਏ ਲੋਕ ਜਿਹਨਾਂ ਵਿੱਚ ਜ਼ਬਰਦਸਤੀ ਜਾਂ ਤਾਕਤ ਦੀ ਧਮਕੀ ਸ਼ਾਮਲ ਸੀ

ਇਹਨਾਂ ਸਰਵਾਈਵਰਸ (ਬਚੇ ਹੋਏ ਲੋਕਾਂ) ਦੇ ਪਰਿਵਾਰਕ ਮੈਂਬਰ ਅਤੇ ਨਜ਼ਦੀਕੀ ਪਰਿਵਾਰਕ ਮੈਂਬਰ ਵੀ ਲੀਜ਼ ਨੂੰ ਛੇਤੀ ਖਤਮ ਕਰ ਸਕਦੇ ਹਨ. ਨਜ਼ਦੀਕੀ ਪਰਿਵਾਰਕ ਮੈਂਬਰ, ਮਾਤਾ-ਪਿਤਾ, ਮਤਰੇਏ ਮਾਤਾ-ਪਿਤਾ, ਜੀਵਨ ਸਾਥੀ, ਬੱਚਾ, ਜਵਾਈ, ਸੌਤੇਲਾ ਬੱਚਾ, ਭੈਣ-ਭਰਾ ਜਾਂ ਅਜਿਹਾ ਵਿਅਕਤੀ ਹੋ ਸਕਦਾ ਹੈ ਜਿਸਦਾ ਤੁਹਾਡੇ ਨਾਲ ਰਿਸ਼ਤਾ ਉਨ੍ਹਾਂ ਨੂੰ ਸਗਿਆਂ ਵਰਗਾ ਬਣਾਉਂਦਾ ਹੈ।

This information is not providing legal advice and should not replace the advice of an attorney. This resource uses California law. Last updated on 4/23/21. Copyright © Family Violence Appellate Project 2021

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਦੇ ਰਹੀ ਹੈ ਅਤੇ ਕਿਸੇ ਵਕੀਲ ਦੀ ਸਲਾਹ ਦੀ ਥਾਂ ਨਹੀਂ ਲੈਣੀ ਚਾਹੀਦੀ, ਵਕੀਲ ਦੀ ਸਲਾਹ ਨੂੰ ਨਾਂ ਬਦਲੋ। । ਇਹ ਸਰੋਤ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ। ਆਖਰੀ ਵਾਰ 4/23/21 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ ਅਪੀਲ ਪ੍ਰੋਜੈਕਟ 2021

## ਆਪਣੀ ਲੀਜ਼ ਖਤਮ ਕਰਨ ਤੋਂ ਪਹਿਲਾਂ ਮੈਨੂੰ ਆਪਣੇ ਮਕਾਨ ਮਾਲਕ ਨੂੰ ਕਿੰਨੇ ਦਿਨਾਂ ਦਾ ਨੋਟਿਸ ਦੇਣ ਦੀ ਲੋੜ ਹੈ?

ਤੁਹਾਨੂੰ ਆਪਣੇ ਮਕਾਨ ਮਾਲਕ ਨੂੰ 14 ਦਿਨਾਂ ਦਾ ਨੋਟਿਸ ਦੇਣਾ ਚਾਹੀਦਾ ਹੈ, ਕਿ ਤੁਸੀਂ ਆਪਣੀ ਲੀਜ਼ ਖਤਮ ਕਰ ਰਹੇ ਹੋ। ਇਸ ਦਾ ਮਤਲਬ ਹੈ ਜਦੋਂ ਤੁਸੀਂ ਆਪਣੇ ਮਕਾਨ-ਮਾਲਕ ਨੂੰ ਚਿੱਠੀ ਦਿੰਦੇ ਹੋ ਜਿਸ ਵਿੱਚ ਦੱਸਿਆ ਗਿਆ ਹੈ ਕਿ ਤੁਸੀਂ ਲੀਜ਼ ਖਤਮ ਹੋਣ ਤੋਂ ਪਹਿਲਾਂ। ਜਾ ਰਹੇ ਹੋ ਤੇ 14 ਦਿਨਾਂ ਤੱਕ ਦਾ ਕਿਰਾਇਆ ਬਕਾਇਆ ਹੈ. ਜੇਕਰ ਤੁਹਾਡਾ ਮਕਾਨ-ਮਾਲਕ 14 ਦਿਨਾਂ ਤੋਂ ਘੱਟ ਸਮੇਂ ਵਿੱਚ ਯੂਨਿਟ ਨੂੰ ਦੁਬਾਰਾ ਕਿਰਾਏ ਤੇ ਦਿੰਦਾ ਹੈ, ਤਾਂ ਮਕਾਨ ਮਾਲਿਕ ਨੂੰ ਤੁਹਾਨੂੰ ਉਹਨਾਂ ਦਿਨਾਂ ਦਾ ਕਿਰਾਇਆ ਵਾਪਸ ਦੇਣਾ ਚਾਹੀਦਾ ਹੈ ਜਦੋਂ ਯੂਨਿਟ ਦੁਬਾਰਾ ਕਿਰਾਏ ਤੇ ਚੜ੍ਹ ਗਿਆ ਸੀ।

## ਮੈਂ ਆਪਣੀ ਲੀਜ਼ ਨੂੰ ਜਲਦੀ ਕਿਵੇਂ ਖਤਮ ਕਰਾਂ?

ਆਪਣੀ ਲੀਜ਼ ਨੂੰ ਜਲਦੀ ਖਤਮ ਕਰਨ ਲਈ, ਤੁਹਾਨੂੰ ਆਪਣੇ ਮਕਾਨ ਮਾਲਿਕ ਨੂੰ ਇੱਕ ਪੱਤਰ ਦੇਣ ਦੀ ਲੋੜ ਹੁੰਦੀ ਹੈ ਜਿਸ ਵਿੱਚ ਉਹਨਾਂ ਨੂੰ ਦੱਸਿਆ ਜਾਂਦਾ ਹੈ ਕਿ ਤੁਸੀਂ ਲੀਜ਼ ਖਤਮ ਹੋਣ ਤੋਂ ਪਹਿਲਾਂ ਜਾ ਰਹੇ ਹੋ ਅਤੇ ਇੱਕ ਦਸਤਾਵੇਜ਼ ਜੋ ਪੁਸ਼ਟੀ ਕਰਦਾ ਹੈ ਕਿ ਤੁਸੀਂ ਇੱਕ ਸਰਵਾਈਵਰ ਹੋ ਜਾਂ ਤੁਹਾਡੇ ਘਰ ਦਾ ਮੈਂਬਰ ਜਾਂ ਤੁਹਾਡਾ ਨਜ਼ਦੀਕੀ ਪਰਿਵਾਰਕ ਮੈਂਬਰ ਸਰਵਾਈਵਰ ਹੈ। ਜੇਕਰ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਮੈਂਬਰ ਸਰਵਾਈਵਰ ਹੈ, ਤੁਸੀਂ ਐਫ.ਵੀ.ਐ.ਪੀ. ਦੇ ਟੈਂਪਲੇਟ ਪੱਤਰ ਦੀ ਵਰਤੋਂ ਕਰ ਸਕਦੇ ਹੋ: ਸਰਵਾਈਵਰ ਜਾਂ ਉਹਨਾਂ ਦੇ ਘਰ ਦੇ ਮੈਂਬਰ ਮਕਾਨ ਮਾਲਕ ਨੂੰ ਲੀਜ਼ ਨੂੰ ਜਲਦੀ ਖਤਮ ਕਰ ਰਿਹਾ ਹੈ ਇਹ ਲਿਖਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ.

ਸਰਵਾਈਵਰ ਦੇ ਪਰਿਵਾਰਕ ਮੈਂਬਰ, ਜਾਂ ਉਹਨਾਂ ਦੇ ਨਜ਼ਦੀਕੀ ਪਰਿਵਾਰਕ ਮੈਂਬਰ ਜੋ ਸਰਵਾਈਵਰ ਦੇ ਨਾਲ ਨਹੀਂ ਰਹਿੰਦੇ ਵੀ ਆਪਣੀ ਲੀਜ਼ ਨੂੰ ਜਲਦੀ ਖਤਮ ਕਰ ਸਕਦੇ ਹਨ. ਉਸ ਸਥਿਤੀ ਵਿੱਚ, ਜੇਕਰ ਅਪਰਾਧ ਜਾਂ ਦੁਰਵਿਵਹਾਰ ਲੀਜ਼ ਕੀਤੀ ਯੂਨਿਟ ਤੇ ਜਾਂ ਯੂਨਿਟ ਦੇ 1,000 ਫੁੱਟ ਦੇ ਅੰਦਰ ਨਹੀਂ ਹੋਇਆ ਸੀ, ਨਜ਼ਦੀਕੀ ਪਰਿਵਾਰਕ ਮੈਂਬਰ ਨੂੰ ਆਪਣੇ ਮਕਾਨ ਮਾਲਕ ਨੂੰ ਲੀਜ਼ ਸਮਾਪਤੀ ਦੇ ਨੋਟਿਸ ਨਾਲ ਜੁੜਿਆ ਲਿਖਤੀ ਬਿਆਨ ਦੇਣਾ ਪਵੇਗਾ ਜਿਸ ਵਿੱਚ ਹੇਠਾਂ ਦਿੱਤੀ ਜਾਣਕਾਰੀ ਸ਼ਾਮਲ ਹੈ:

੧. ਤੁਹਾਡਾ ਨਜ਼ਦੀਕੀ ਪਰਿਵਾਰਕ ਮੈਂਬਰ ਸਰਵਾਈਵਰ ਹੈ;

੨. ਤੁਸੀਂ ਆਪਣੇ ਨਜ਼ਦੀਕੀ ਪਰਿਵਾਰਕ ਮੈਂਬਰ ਨਾਲ ਹੋਏ ਦੁਰਵਿਵਹਾਰ ਜਾਂ ਅਪਰਾਧ ਦੇ ਕਾਰਨ ਇਥੋ ਜਾ ਰਹੇ ਹੋ; ਅਤੇ

This information is not providing legal advice and should not replace the advice of an attorney. This resource uses California law. Last updated on 4/23/21. Copyright © Family Violence Appellate Project 2021

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਦੇ ਰਹੀ ਹੈ ਅਤੇ ਕਿਸੇ ਵਕੀਲ ਦੀ ਸਲਾਹ ਦੀ ਥਾਂ ਨਹੀਂ ਲੈਣੀ ਚਾਹੀਦੀ, ਵਕੀਲ ਦੀ ਸਲਾਹ ਨੂੰ ਨਾਂ ਬਦਲੋ।। ਇਹ ਸਰੋਤ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ। ਆਖਰੀ ਵਾਰ 4/23/21 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ ਅਪੀਲ ਪ੍ਰੋਜੈਕਟ 2021

ਅਪਰਾਧ ਜਾਂ ਦੁਰਵਿਵਹਾਰ ਦੇ ਕਾਰਨ, ਤੁਹਾਨੂੰ ਜਾਣ ਦੀ ਲੋੜ ਹੈ ਆਪਣੀ ਜਾਂ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਵਧਾਉਣ ਲਈ, ਸਰੀਰਕ ਤੰਦਰੁਸਤੀ, ਭਾਵਨਾਤਮਕ ਤੰਦਰੁਸਤੀ, ਮਨੋਵਿਗਿਆਨਕ ਤੰਦਰੁਸਤੀ, ਜਾਂ ਵਿੱਤੀ ਸੁਰੱਖਿਆ। ਜੇਕਰ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਮੈਂਬਰ ਸਰਵਾਈਵਰ ਹੈ, ਤੁਸੀਂ ਐਫ.ਵੀ.ਐ.ਪੀ. (ਢਤ਼ਅਫ'ਸ) ਦੇ ਟੈਂਪਲੇਟ ਪੱਤਰ ਦੀ ਵਰਤੋਂ ਕਰ ਸਕਦੇ ਹੋ: ਸਰਵਾਈਵਰ ਜਾਂ ਉਹਨਾਂ ਦੇ ਘਰ ਦੇ ਮੈਂਬਰ ਮਕਾਨ ਮਾਲਕ ਨੂੰ ਲੀਜ਼ ਜਲਦੀ ਖਤਮ ਕਰ ਰਹੇ ਹਨ ਇਹ ਲਿਖਣ ਵਿੱਚ ਮਦਦ ਕਰ ਸਕਦਾ ਹੈ.

**<u>ਮੈਂ ਇੱਕ ਸਰਵਾਈਵਰ ਹਾਂ ਜਾਂ ਮੇਰੇ ਘਰ ਦਾ ਮੈਂਬਰ ਜਾਂ ਨਜ਼ਦੀਕੀ ਪਰਿਵਾਰ ਦਾ ਮੈਂਬਰ ਸਰਵਾਈਵਰ ਹੈ, ਮੈਂ ਇਹ ਪੁਸ਼ਟੀ ਕਰਨ ਲਈ ਕੀ ਵਰਤ ਸਕਦਾ/ਸਕਦੀ ਹਾਂ?</u>**

ਤੁਸੀ, ਮਕਾਨ ਮਾਲਕ ਨਹੀਂ, ਇਹ ਪੁਸ਼ਟੀ ਕਰਨ ਲਈ ਹੇਠਾਂ ਦਿੱਤੇ ਚਾਰ ਦਸਤਾਵੇਜ਼ਾਂ ਵਿੱਚੋਂ ਇੱਕ ਦੀ ਚੋਣ ਕਰ ਸਕਦੇ ਹੋ ਕਿ ਤੁਸੀਂ ਜਾਂ ਤੁਹਾਡਾ ਪਰਿਵਾਰ ਜਾਂ ਨਜ਼ਦੀਕੀ ਪਰਿਵਾਰਕ ਮੈਂਬਰ ਸਰਵਾਈਵਰ (ਬਚਿਆ ਹੋਇਆ) ਹੈ:

- ਪਿਛਲੇ 180 ਦਿਨਾਂ ਦੇ ਅੰਦਰ ਜਾਰੀ ਕੀਤੇ ਗਏ ਇੱਕ ਰੋਕ ਦੇ ਆਦੇਸ਼ ਜਾਂ ਸੁਰੱਖਿਆ ਆਦੇਸ਼ ਦੀ ਇੱਕ ਕਾਪੀ, ਜੋ ਸਰਵਾਈਵਰ (ਬਚੇ ਹੋਏ) ਦੀ ਰੱਖਿਆ ਕਰਦਾ ਹੈ।

- ਪਿਛਲੇ 180 ਦਿਨਾਂ ਦੇ ਅੰਦਰ ਜਾਰੀ ਕੀਤੀ ਗਈ ਪੁਲਿਸ ਰਿਪੋਰਟ ਦੀ ਕਾਪੀ, ਜਿਸ ਵਿੱਚ ਦੱਸਿਆ ਗਿਆ ਹੈ ਕਿ ਕਿਰਾਏਦਾਰ ਪਰਿਵਾਰ ਦੇ ਮੈਂਬਰ, ਜਾਂ ਨਜ਼ਦੀਕੀ ਪਰਿਵਾਰਕ ਮੈਂਬਰ ਨੇ ਇੱਕ ਰਿਪੋਰਟ ਦਰਜ ਕਰਵਾਈ ਜਿਸ ਵਿੱਚ ਦੋਸ਼ ਲਗਾਉਂਦੇ ਹੋਏ ਕਿ ਉਹ ਉੱਪਰ ਸੂਚੀਬੱਧ ਦੁਰਵਿਵਹਾਰ ਜਾਂ ਅਪਰਾਧ ਦਾ ਇੱਕ ਕਿਸਮ ਦਾ ਸਰਵਾਈਵਰ/ਪੀੜਤ। ਹੈ

- ਇੱਕ ਯੋਗਤਾ ਪ੍ਰਾਪਤ ਤੀਜੀ ਧਿਰ (ਕੁਆਲੀਫਾਈਡ ਥਰਡ ਪਾਰਟੀ) ਦਾ ਪੱਤਰ ਇਹ ਪੁਸ਼ਟੀ ਕਰਦਾ ਹੈ ਕਿ ਸਰਵਾਈਵਰ ਇੱਕ ਕਿਸਮ ਦਾ ਉੱਪਰ ਸੂਚੀਬੱਧ ਦੁਰਵਿਵਹਾਰ ਜਾਂ ਅਪਰਾਧ ਸਰਵਾਈਵਰ ਹੈ (ਵੇਖੋ ਐਫ.ਵੀ.ਐ.ਪੀ. ਦਾ ਸਰੋਤ (ਢਤ਼ਅਫ'ਸ ਰਇਸੋਰਚਇ) ਟੈਂਪਲੇਟ ਲੈਟਰ: ਕੁਆਲੀਫਾਈਡ ਥਰਡ ਪਾਰਟੀ ਜਲਦੀ ਲੀਜ਼ ਸਮਾਪਤੀ ਤਸਦੀਕ)।

- ਕੋਈ ਵੀ ਹੋਰ ਦਸਤਾਵੇਜ਼ ਜੋ ਅਪਰਾਧ ਜਾਂ ਦੁਰਵਿਵਹਾਰ ਦੇ ਕੰਮ ਦੀ ਵਾਜਬ ਤੌਰ 'ਤੇ ਪੁਸ਼ਟੀ ਕਰਦਾ ਹੈ।

**<u>ਕਿਹੜਾ "ਹੋਰ ਦਸਤਾਵੇਜ਼" ਅਪਰਾਧ ਜਾਂ ਦੁਰਵਿਵਹਾਰ ਦੇ ਐਕਟ (ਕਾਰਵਾਈ) ਦੀ ਮੁਨਾਸਬ ਪੁਸ਼ਟੀ ਕਰਦਾ ਹੈ?</u>**

This information is not providing legal advice and should not replace the advice of an attorney. This resource uses California law. Last updated on 4/23/21. Copyright © Family Violence Appellate Project 2021

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਦੇ ਰਹੀ ਹੈ ਅਤੇ ਕਿਸੇ ਵਕੀਲ ਦੀ ਸਲਾਹ ਦੀ ਥਾਂ ਨਹੀਂ ਲੈਣੀ ਚਾਹੀਦੀ, ਵਕੀਲ ਦੀ ਸਲਾਹ ਨੂੰ ਨਾਂ ਬਦਲੋ।। ਇਹ ਸਰੋਤ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ। ਆਖਰੀ ਵਾਰ 4/23/21 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ ਅਪੀਲ ਪ੍ਰੋਜੈਕਟ 2021

ਕਾਨੂੰਨ ਇਸ ਗੱਲ ਦੀਆਂ ਉਦਾਹਰਣਾ ਨਹੀਂ ਦਿੰਦਾ ਹੈ ਕਿ ਹੋਰ ਕਿਹੜੇ ਦਸਤਾਵੇਜ਼ ਅਪਰਾਧ ਦੀ ਪੁਸ਼ਟੀ ਕਰ ਸਕਦੇ ਹਨ. ਹਾਲਾਂਕਿ, ਈਮੇਲਾਂ ਜਾਂ ਵੌਇਸ ਸੁਨੇਹਿਆਂ ਦੀਆਂ ਕਾਪੀਆਂ ਜਿਸ ਵਿੱਚ ਵਿਅਕਤੀ ਤੋਂ ਧਮਕੀਆਂ ਹਨ ਜਿਸ ਨੇ ਦੁਰਵਿਵਹਾਰ ਜਾਂ ਅਪਰਾਧ ਕੀਤਾ ਹੈ, ਉਹ ਦੁਰਵਿਵਹਾਰ ਜਾਂ ਅਪਰਾਧ ਦੀ ਪੁਸ਼ਟੀ ਕਰ ਸਕਦੀਆਂ ਹਨ

## ਜੇਕਰ ਮੈਂ ਉਸ ਵਿਅਕਤੀ ਨਾਲ ਰਹਿੰਦਾ ਹਾਂ ਜਿਸਨੇ ਮੈਨੂੰ ਨੁਕਸਾਨ ਪਹੁੰਚਾਇਆ ਹੈ ਤਾਂ ਕੀ ਮੈਂ ਆਪਣੀ ਲੀਜ਼ ਨੂੰ ਜਲਦੀ ਖਤਮ ਕਰ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਉਸ ਵਿਅਕਤੀ ਨਾਲ ਰਹਿ ਸਕਦੇ ਹੋ ਜਿਸਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਫਿਰ ਵੀ ਤੁਹਾਡੀ ਲੀਜ਼ ਜਲਦੀ ਖਤਮ ਹੋ ਸਕਦੀ ਹੈ।

## ਕੀ ਮੇਰਾ ਮਕਾਨ-ਮਾਲਕ ਲੀਜ਼ ਨੂੰ ਜਲਦੀ ਖਤਮ ਕਰਨ ਤੇ ਮੈਨੂੰ ਜੁਰਮਾਨਾ ਲਗਾ ਸਕਦਾ ਹੈ?

ਨਹੀਂ, ਭਾਵੇਂ ਤੁਹਾਡੀ ਲੀਜ਼ ਹੋਰ ਕਹੇ, ਤੁਹਾਨੂੰ ਜੁਰਮਾਨਾ ਨਹੀਂ ਲਗਾਇਆ ਜਾ ਸਕਦਾ ਹੈ ਅਤੇ ਤੁਹਾਡੇ ਮਕਾਨ-ਮਾਲਕ ਨੂੰ ਚਾਹੀਦਾ ਹੈ ਆਮ ਵਾਂਗ ਸੁਰੱਖਿਆ ਡਿਪਾਜ਼ਿਟ ਵਾਪਸ ਕਰੋ ਜੇਕਰ ਤੁਸੀਂ ਆਪਣੀ ਲੀਜ਼ ਜਲਦੀ ਖਤਮ ਕਰਦੇ ਹੋ (ਐਫ਼.ਵੀ.ਐ.ਪੀ. ਦਾ ਸਰੋਤ ਦੇਖੋ, ਆਪਣੇ ਅਧਿਕਾਰਾਂ ਬਾਰੇ ਜਾਣੋ: ਸਕਿਉਰਿਟੀ ਡਿਪਾਜ਼ਿਟ (ਸੁਰੱਖਿਆ ਜਮ੍ਹਾਂ)) ਜੇਕਰ ਤੁਹਾਡਾ ਮਕਾਨ-ਮਾਲਕ ਤੁਹਾਡੇ ਤੋਂ 14 ਦਿਨਾਂ ਦਾ ਕਿਰਾਇਆ ਲੈਂਦਾ ਹੈ, ਜਾਂ ਤੁਹਾਡੇ ਤੋਂ ਲੀਜ਼ ਸਮਾਪਤੀ ਦੀ ਫੀਸ ਲੈਂਦਾ ਹੈ, ਜਾਂ ਤੁਹਾਡੀ ਸੁਰੱਖਿਆ ਡਿਪਾਜ਼ਿਟ ਰਕਮ ਵਾਪਸ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ ਸਥਾਨਕ ਕਾਨੂੰਨੀ ਸਹਾਇਤਾ ਸੰਸਥਾ ਨਾਲ ਗੱਲ ਕਰੋ. ਆਪਣੀ ਸਥਾਨਕ ਕਾਨੂੰਨੀ ਸਹਾਇਤਾ ਸੰਸਥਾ ਦਾ ਪਤਾ ਲਗਾਓ ਇਥੇ ਜਾ ਕੇ (https://www.lawhelpca.org)

This information is not providing legal advice and should not replace the advice of an attorney. This resource uses California law. Last updated on 4/23/21. Copyright © Family Violence Appellate Project 2021

ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਦੇ ਰਹੀ ਹੈ ਅਤੇ ਕਿਸੇ ਵਕੀਲ ਦੀ ਸਲਾਹ ਦੀ ਥਾਂ ਨਹੀਂ ਲੈਣੀ ਚਾਹੀਦੀ, ਵਕੀਲ ਦੀ ਸਲਾਹ ਨੂੰ ਨਾਂ ਬਦਲੋ। । ਇਹ ਸਰੋਤ ਕੈਲੀਫੋਰਨੀਆ ਦੇ ਕਾਨੂੰਨ ਦੀ ਵਰਤੋਂ ਕਰਦਾ ਹੈ। ਆਖਰੀ ਵਾਰ 4/23/21 ਨੂੰ ਅੱਪਡੇਟ ਕੀਤਾ ਗਿਆ। ਕਾਪੀਰਾਈਟ © ਪਰਿਵਾਰਕ ਹਿੰਸਾ ਅਪੀਲ ਪ੍ਰੋਜੈਕਟ 2021